## ਗ੍ਰੇਟਰ ਵੈਨਕੂਵਰ ਦੇ ਨੇੜੇ ਦੇ ਦਸ ਪਾਰਕ

### 1. ਮਾਊਂਟ ਸੇਮੂਅਰ ਪ੍ਰਾਵਿੰਸ਼ਿਅਲ ਪਾਰਕ – 15 ਕਿਲੋਮੀਟਰ

ਸਾਰਾ ਸਾਲ ਡਾਊਨਟਾਊਨ ਵੈਨਕੂਵਰ ਤੋਂ ਆਸਾਨੀ ਨਾਲ ਇੱਥੇ ਪਹੁੰਚਿਆ ਜਾ ਸਕਦਾ ਹੈ। ਪਾਰਕ ਵਿੱਚ ਪਹਾੜ ਦੀ ਟੀਸੀ ਤਕ ਸੜਕ ਰਾਹੀਂ ਮਨਮੋਹਣਾ ਸਫਰ ਹੈ, ਅਤੇ ਆਲ਼ੇ-ਦੁਆਲ਼ੇ ਦੇ ਇਲਾਕੇ ਦੇ ਦਿਲਟੁੰਭਵੇਂ ਨਜ਼ਾਰੇ ਨਜ਼ਰ ਆਉਂਦੇ ਹਨ। ਪਾਰਕ ਨੂੰ ਚਾਰਾਂ ਹੀ ਰੁੱਤਾਂ ਵਿੱਚ ਵਰਤਿਆ ਜਾ ਸਕਦਾ ਹੈ, ਜਿਸ ਵਿੱਚ ਸਰਦੀਆਂ ਵਿੱਚ ਪਹਾੜ ਤੋਂ ਥੱਲੇ ਤਕ ਜਾਂਦੀਆਂ ਸਕੀ ਵਾਲੀਆਂ ਢਲਾਣਾਂ ਅਤੇ ਸਨੋਅਸ਼ੂਇੰਗ ਤੋਂ ਲੈ ਕੇ ਗਰਮੀਆਂ ਦੀ ਰੁੱਤ ਵਿੱਚ ਪੈਦਲ ਪਹਾੜੀਆਂ ਚੜ੍ਹਨ ਲਈ ਕਈ ਕਿਲੋਮੀਟਰ ਦੀਆਂ ਹਾਈਕਿੰਗ ਟਰੇਲਜ਼ ਹਨ। ਇਸ ਵਿੱਚ 5 ਪਿਕਨਿਕ ਖੇਤਰਾਂ ਦੇ ਨਾਲ-ਨਾਲ ਪਹਾੜੀ ਦੇ ਥੱਲੇ ਇੱਕ ਵਿਆਪਕ ਮਾਊਂਟੇਨ ਬਾਈਕ ਖੇਤਰ ਵੀ ਮੌਜੂਦ ਹੈ।

### 2. ਸਾਈਪ੍ਰੈਸ ਪ੍ਰਾਵਿੰਸ਼ਿਅਲ ਪਾਰਕ – 20 ਕਿਲੋਮੀਟਰ

ਸਾਰਾ ਸਾਲ ਡਾਊਨਟਾਊਨ ਵੈਨਕੂਵਰ ਤੋਂ ਆਸਾਨੀ ਨਾਲ ਪਹੁੰਚੇ ਜਾ ਸਕਣ ਵਾਲੇ ਸਾਈਪ੍ਰੈੱਸ ਤੋਂ ਵੈਨਕੂਵਰ ਅਤੇ ਇਸਦੇ ਆਲ਼ੇ-ਦੁਆਲ਼ੇ ਦੇ ਇਲਾਕਿਆਂ ਦੇ ਮਨਮੋਹਣੇ ਦ੍ਰਿਸ਼ ਦਿਸਦੇ ਹਨ। ਗਰਮੀਆਂ ਵਿੱਚ ਇਹ ਪੈਦਲ ਪਹਾੜੀਆਂ ਚੜ੍ਹਨ ਅਤੇ ਕੁਦਰਤ ਦਾ ਆਨੰਦ ਮਾਣਨ ਲਈ ਹਰਮਨ ਪਿਆਰਾ ਹੈ, ਸਰਦੀਆਂ ਵਿੱਚ ਸਾਈਪ੍ਰੈੱਸ ਨੂੰ ਫ੍ਰੀਸਟਾਈਲ ਸਕੀਇੰਗ ਅਤੇ ਸਨੋਅਬੋਰਡਿੰਗ ਲਈ ਵਰਤਿਆ ਜਾਂਦਾ ਹੈ। ਪਾਰਕ ਵਿੱਚ ਅਪਾਹਜ ਵਿਅਕਤੀਆਂ ਵਾਸਤੇ ਯੀਊ ਲੇਕ ਵਿਖੇ ਵ੍ਹੀਲਚੇਅਰ ਰਾਹੀਂ ਪਹੁੰਚਣਯੋਗ ਕੁਦਰਤੀ ਪਗਡੰਡੀ ਵੀ ਹੈ। ਇਸ ਪਾਰਕ ਵਿੱਚ 2010 ਵਿੰਟਰ ਉਲਿੰਪਕ ਗੇਮਜ਼ ਦੇ ਸਨੋਅਬੋਰਡਿੰਗ ਮੁਕਾਬਲੇ ਹੋਣਗੇ।

### 3. ਪੋਰਚਿਊ ਕੋਵ ਪ੍ਰਾਵਿੰਸ਼ਿਅਲ ਪਾਰਕ – 45 ਕਿਲੋਮੀਟਰ

ਉੱਤਰੀ ਅਮਰੀਕਾ ਦੀ ਸਭ ਤੋਂ ਦੱਖਣੀ ਫਿਉਰਡ ਜਾਂ ਘਾਟੀ ’ਤੇ ਸਥਿਤ ਇਸ ਪਾਰਕ ਵਿੱਚ ਪਾਣੀ ਦੇ ਕੰਢੇ ਕੈਂਪ ਲਾਉਣ ਦੇ ਮੁਕਾਮ ਮੌਜੂਦ ਹਨ ਜਿੱਥੋਂ ਹੋਵ ਸਾਊਂਡ ਦੇ ਉੱਤੋਂ ਦੀ ਪਿਛਲੀਆਂ ਪਹਾੜੀਆਂ ਦਾ ਨਜ਼ਾਰਾ ਦਿਸਦਾ ਹੈ। ਸਕੂਬਾ ਗੋਤਾਖੋਰਾਂ ਵਾਸਤੇ ਅਤੇ ਸਮੁੰਦਰੀ ਜੀਵ-ਜੰਤੂਆਂ ਨੂੰ ਆਕਰਸ਼ਤ ਕਰਨ ਲਈ ਇੱਕ ਨਕਲੀ ਰੀਫ ਜਾਂ ਮੂੰਗਾ ਚਟਾਨ ਬਣਾਈ ਗਈ ਹੈ। ਪਿਕਨਿਕ ਮਨਾਉਣਾ, ਤੈਰਨਾ, ਕਿਸ਼ਤੀ ਚਲਾਉਣਾ ਅਤੇ ਕੈਂਪ ਲਾਉਣਾ ਵੀ ਇੱਥੇ ਹਰਮਨ ਪਿਆਰੀਆਂ ਸਰਗਰਮੀਆਂ ਹਨ।

### 4. ਗੋਲਡਨ ਈਅਰਜ਼ ਪ੍ਰਾਵਿੰਸ਼ਿਅਲ ਪਾਰਕ – 50 ਕਿਲੋਮੀਟਰ

ਗੋਲਡਨ ਈਅਰਜ਼ ਪ੍ਰਾਵਿੰਸ਼ਿਅਲ ਪਾਰਕ ਆਪਣੀ ਮਨੋਰੰਜਕ ਗੁੰਜਾਇਸ਼ ਅਤੇ ਤਿੰਨ ਵੱਡੇ ਕੈਂਪ ਮੈਦਾਨਾਂ ਲਈ ਵਡਮੁੱਲਾ ਹੈ। ਪਾਰਕ ਦੇ ਅੰਦਰਲ ਪਗਡੰਡੀਆਂ ਦਾ ਵਿਆਪਕ ਜਾਲ਼ ਪੈਦਲ ਪਹਾੜੀਆਂ ਚੜ੍ਹਨ ਲਈ ਇੱਕ ਸ਼ਾਨਦਾਰ ਮੌਕਾ ਪੇਸ਼ ਕਰਦਾ ਹੈ।

### 5. ਪੀਸ ਆਰਚ ਪ੍ਰਾਵਿੰਸ਼ਿਅਲ ਪਾਰਕ – 50 ਕਿਲੋਮੀਟਰ

ਬੀ.ਸੀ. ਦੇ ਸਾਰੇ ਪਾਰਕ ਰੋਹੀ-ਬੀਆਬਾਨ ਨਹੀਂ ਹਨ! ਪੀਸ ਆਰਚ ਪ੍ਰਾਵਿੰਸ਼ਿਅਲ ਪਾਰਕ, ਜੋ ਵਾਸ਼ਿੰਗਟਨ ਸਟੇਟ ਦੇ ਨਾਲ ਪੈਂਦਾ ਹੈ, ਵਿੱਚ ਚੌੜੇ ਮੈਦਾਨ, ਖੂਬਸੂਰਤ ਬਗੀਚੇ, ਪਿਕਨਿਕ ਮੇਜਾਂ ਅਤੇ ਕਿਰਾਏ ’ਤੇ ਲਿਆ ਜਾ ਸਕਣ ਵਾਲ਼ਾ ਇੱਕ ਇਤਿਹਾਸਕ ਹਾਲ ਹੈ ਜਿਸ ਵਿੱਚ 150 ਤਕ ਵਿਅਕਤੀਆਂ ਦਾ ਇੰਤਜ਼ਾਮ ਹੋ ਸਕਦਾ ਹੈ।

### 6. ਮਿਊਰਿਨ ਪ੍ਰਾਵਿੰਸ਼ਿਅਲ ਪਾਰਕ – 55 ਕਿਲੋਮੀਟਰ

ਮਿਊਰਿਨ ਪ੍ਰਾਵਿੰਸ਼ਿਅਲ ਪਾਰਕ ਦਿਨ ਦੇ ਸਮੇਂ ਵਰਤਿਆ ਜਾ ਸਕਣਾ ਵਾਲਾ ਪਾਰਕ ਹੈ ਅਤੇ ਚਟਾਨਾਂ ਸਰ ਕਰਨ ਦੇ ਸ਼ਾਨਦਾਰ ਮੌਕਿਆਂ ਨਾਲ ਭਰਪੂਰ ਹੈ। ਬ੍ਰਾਊਨਿੰਗ ਝੀਲ ਵਿਖੇ ਤੈਰਾਕੀ, ਪਿਕਨਿਕ ਮਨਾਉਣ, ਮੱਛੀਆਂ ਫੜ੍ਹਨ ਅਤੇ ਵਧੀਆ ਸੈਰ ਕੀਤੀ ਜਾ ਸਕਦੀ ਹੈ।

### 7. ਸ਼ੈਨਨ ਫਾਲਜ਼ – 60 ਕਿਲੋਮੀਟਰ

ਲਗਭਗ 500,000 ਸੈਲਾਨੀਆਂ ਦੀ ਸਾਲਾਨਾ ਆਮਦ ਵਾਲਾ ਸ਼ੈਨਨ ਫਾਲਜ਼ ਪ੍ਰਾਵਿੰਸ਼ਿਅਲ ਫਾਲਜ਼ ਪਾਰਕ ਇੱਕ ਪਿਕਨਿਕ ਵਾਲੀ ਥਾਂ ਦੇ ਤੌਰ ’ਤੇ ਬਹੁਤ ਮਸ਼ਹੂਰ ਹੈ! ਵੇਖਣ ਲਾਇਕ ਸ਼ੈਨਨ ਫਾਲਜ਼, ਜੋ 335 ਮੀਟਰ ਉੱਚੀਆਂ ਹਨ, ਉਚਾਈ ਦੇ ਲਿਹਾਜ਼ ਨਾਲ ਬੀ.ਸੀ. ਵਿੱਚ ਤੀਜੀਆਂ ਸਭ ਤੋਂ ਉੱਚੀਆਂ ਹਨ। ਝਾਲ ਦੇ ਨਜ਼ਾਰੇ ਦਰਸਾਉਣ ਵਾਲੀ ਇੱਕ ਥਾਂ ਤਕ ਇੱਕ ਆਸਾਨ ਡੰਡੀ ਵੀ ਬਣੀ ਹੋਈ ਹੈ। ਗਰਮੀਆਂ ਵਿੱਚ ਪਾਰਕਿੰਗ ਲਾਟ ਦੁਪਹਿਰ ਤਕ ਪੂਰਾ ਭਰ ਜਾਂਦਾ ਹੈ, ਇਸ ਲਈ ਇੱਥੇ ਸੁਵਖਤੇ ਪਹੁੰਚਣਾ ਯਾਦ ਰੱਖਣਾ ਜੀ!

### 8. ਰੌੱਲੀ ਲੇਕ – 65 ਕਿਲੋਮੀਟਰ

ਰੌੱਲੀ ਲੇਕ ਪ੍ਰਾਵਿੰਸ਼ਿਅਲ ਪਾਰਕ ਸ਼ਹਿਰੀ ਜ਼ਿੰਦਗੀ ਤੋਂ ਫਰਾਰ ਹੋਣ ਦਾ ਤੇਜ਼-ਰਫ਼ਤਾਰ ਸਾਧਨ ਹੈ। ਇਹ ਪਾਰਕ ਮੁੱਖ ਤੌਰ ’ਤੇ ਪੱਧਰਾ ਬੀਆਬਾਨ ਇਲਾਕਾ ਹੈ। ਇਸ ਛੋਟੀ ਜਿਹੀ, ਨਿੱਘੇ ਪਾਣੀ ਵਾਲ਼ੀ ਝੀਲ ਵਿੱਚ ਸ਼ਾਨਦਾਰ ਤੈਰਾਕੀ, ਮੱਛੀ ਫੜ੍ਹਨ ਅਤੇ ਕਨੂ ਕਿਸ਼ਤੀ ਚਲਾਉਣ ਦੀ ਗੁੰਜਾਇਸ਼ ਹੈ। ਝੀਲ ਦੇ ਕੰਢੇ 64 ਕੈਂਪਸਾਈਟਾਂ ਮੌਜੂਦ ਹਨ। ਸੈਲਾਨੀ ਪਿਕਨਿਕ, ਵੇਰਵੇਦਾਰ ਪ੍ਰੋਗਰਾਮਾਂ ਅਤੇ ਪੈਦਲ ਪਹਾੜ ਚੜ੍ਹਨ ਦੀਆਂ ਛੋਟੀਆਂ ਡੰਡੀਆਂ ਦਾ ਮਜ਼ਾ ਵੀ ਲੈ ਸਕਦੇ ਹਨ।

### 9. ਐਲਿਸ ਲੇਕ ਪ੍ਰਾਵਿੰਸ਼ਿਅਲ ਪਾਰਕ – 75 ਕਿਲੋਮੀਟਰ

ਐਲਿਸ ਲੇਕ ਪ੍ਰਾਵਿੰਸ਼ਿਅਲ ਪਾਰਕ ਪਹਾੜਾਂ, ਜੰਗਲਾਂ ਅਤੇ ਬੂਝੇਦਾਰ ਖੇਤਰਾਂ ਨਾਲ ਘਿਰਿਆ ਹੋਇਆ ਹੈ। ਇਸ ਪਾਰਕ ਵਿੱਚ 4 ਝੀਲਾਂ ਹਨ, ਅਤੇ ਇਹ ਤੈਰਾਕੀ, ਕਨੂ ਕਿਸ਼ਤੀ ਚਲਾਉਣ ਅਤੇ ਮੱਛੀਆਂ ਫੜ੍ਹਨ ਲਈ ਹਰਮਨ ਪਿਆਰਾ ਹੈ। ਇੱਥੇ ਪਿਕਨਿਕ ਮਨਾਉਣਾ ਅਤੇ ਪੈਦਲ ਪਹਾੜ ਚੜ੍ਹਨਾ ਵੀ ਪ੍ਰਸਿੱਧ ਹੈ। ਐਲਿਸ ਲੇਕ ਦੇ ਦੁਆਲ਼ੇ ਦੀਆਂ ਪਗਡੰਡੀਆਂ ਸ਼ਾਮ ਦੇ ਟਹਿਲਣ ਲਈ ਬੜੀਆਂ ਮਸ਼ਹੂਰ ਹਨ; ਜ਼ਿਆਦਾ ਜ਼ੋਖਮ ਪਸੰਦ ਕਰਨ ਵਾਲਿਆਂ ਲਈ ਖੂਬਸੂਰਤ ਫੋਰ ਲੇਕਸ ਟਰੇਲ ਮੌਜੂਦ ਹੈ।

### 10. ਕਲਟਸ ਲੇਕ – 100 ਕਿਲੋਮੀਟਰ

ਕਲਟਸ ਲੇਕ ਲੋਅਰ ਮੇਨਲੈਂਡ ਦੀਆਂ ਸਭ ਤੋਂ ਵੱਧ ਮਸ਼ਹੂਰ ਮਨੋਰੰਜਕ ਮੰਜ਼ਿਲਾਂ ਵਿੱਚੋਂ ਇੱਕ ਹੈ। ਝੀਲ ਵੱਡੀ ਅਤੇ ਨਿੱਘੇ ਪਾਣੀ ਵਾਲੀ ਹੈ ਅਤੇ ਆਲ਼ੇ-ਦੁਆਲ਼ੇ ਜੰਗਲਾਂ ਨਾਲ ਭਰੇ ਪਰਬਤ ਮੌਜੂਦ ਹਨ। ਸੈਲਾਨੀਆਂ ਲਈ 4 ਕੈਂਪ ਮੈਦਾਨ ਮੌਜੂਦ ਹਨ, ਪਿਕਨਿਕ ਮਨਾਉਣ ਅਤੇ ਕਿਸ਼ਤੀ ਚਲਾਉਣ ਲਈ ਇੱਕ ਵੱਡਾ ਇਲਾਕਾ ਮੌਜੂਦ ਹੈ ਅਤੇ ਮੱਛੀਆਂ ਫੜ੍ਹਨ, ਪਾਣੀ ਵਿੱਚ ਸਕੀਇੰਗ ਕਰਨ, ਵਿੰਡ-ਸਰਫਿੰਗ ਅਤੇ ਪੈਦਲ ਪਹਾੜੀ ਚੜ੍ਹਨ ਦੇ ਸ਼ਾਨਦਾਰ ਮੌਕੇ ਮੌਜੂਦ ਹਨ।

:ਵੇਰਵਾ ਦੇਣ ਵਾਲੇ ਪ੍ਰੋਗਰਾਮ ਮੌਜੂਦ ਹਨ।

ਵਧੇਰੇ ਜਾਣਕਾਰੀ ਲਈ www.bcparks.ca ਵੈੱਬਸਾਈਟ ਵੇਖੋ ਜੀ!

BRITISH COLUMBIA
The Best Place on Earth

# ਲੋਅਰ ਮੇਨਲੈਂਡ ਦੇ ਦਸ ਸੂਬਾਈ ਪਾਰਕ

## ਪਾਰਕ ਦਾ ਨਕਸ਼ਾ ਅਤੇ ਜਾਣਕਾਰੀ ਵਾਲੀ ਗਾਈਡ



ਵੈਨਕੂਵਰ ਦੀਆਂ ਸ਼ਹਿਰੀ ਹੱਦਾਂ ਦੇ ਬਿਲਕੁਲ ਨਾਲ ਅਨੇਕਾਂ ਹੀ ਸੂਬਾਈ ਪਾਰਕ, ਜੋ ਆਪਣੇ ਕੁਦਰਤੀ ਸੁਹੱਪਣ ਲਈ ਮੰਨੇ ਹੋਏ ਹਨ, ਤੁਹਾਡੇ ਅੰਦਾਜ਼ੇ ਨਾਲੋਂ ਕਿਤੇ ਨਜ਼ਦੀਕ ਫਾਸਲੇ ’ਤੇ ਮੌਜੂਦ ਹਨ। ਬੀ.ਸੀ. ਦੇ ਕਿਸੇ ਪਾਰਕ ਵਿੱਚ ਦਿਨ ਜਾਂ ਰਾਤ ਗੁਜ਼ਾਰਨਾ ਆਪਣੀ ਦੁਪਹਿਰ ਜਾਂ ਵੀਕਐਂਡ ਗੁਜ਼ਾਰਨ ਦਾ ਇੱਕ ਵਾਰਾ ਖਾਂਦਾ ਅਤੇ ਮਜ਼ੇਦਾਰ ਤਰੀਕਾ ਹੈ।

ਚਰਾਂਦਾਂ, ਝਾਲਾਂ, ਜਾਂ ਹਜ਼ਾਰਾਂ ਸਾਲ ਪੁਰਾਣੇ ਡਗਲੱਸ ਫਰ ਦਰਖ਼ਤਾਂ ਦੇ ਕੋਲੋਂ ਦੀ ਟਹਿਲਕਦਮੀ ਕਰੋ; ਜਾਂ ਦੁਪਹਿਰ ਗੁਜ਼ਾਰਨ ਲਈ ਕਿਸੇ ਰੁਮਕਦੇ ਦਰਿਆ ਵਿੱਚੋਂ ਚੱਪੂ ਮਾਰਦੇ ਵਹਿ ਜਾਓ। ਜ਼ਿਆਦਾ ਜ਼ਿੰਦਾ-ਦਿਲ ਸੈਲਾਨੀ ਸਾਡੇ ਪਿਕਨਿਕ ਦੇ ਵੱਡੇ ਖੇਤਰਾਂ ਅਤੇ ਦਿਨ ਵੇਲ਼ੇ ਦੀ ਵਰਤੋਂ ਦੇ ਖੇਤਰਾਂ ਵਿੱਚ ਜਾ ਸਕਦੇ ਹਨ ਜੋ ਪਰਿਵਾਰਕ ਮਿਲਣੀਆਂ, ਖਾਸ ਸਮਾਗਮਾਂ ਅਤੇ ਬਾਰਬੀਕਿਊ ਕਰਨ ਲਈ ਮਿਸਾਲੀ ਥਾਵਾਂ ਹਨ।

**ਬੀ.ਸੀ. ਦੇ ਪਾਰਕਾਂ ਨੂੰ ਮੁੜ ਵੇਖਣ ਆਓ ਜਾਂ ਪਹਿਲੀ ਫੇਰੀ ਪਾਓ ਅਤੇ ਉਸ ਕੁਦਰਤੀ ਵਿਰਾਸਤ ’ਤੇ ਨਾਜ਼ ਕਰੋ ਜੋ ਹਰ ਕਿਸੇ ਦੀ ਮਲਕੀਅਤ ਹੈ!**

BRITISH COLUMBIA
The Best Place on Earth
BCParks



BRITISH COLUMBIA
The Best Place on Earth
BCParks
Provincial Park
Camping
Reservations Accepted
To Whistler
Tantalus
Alice Lake
Garibaldi
Brackendale Eagles
SQUAMISH
Stawamus Cheif
Shannon Falls
Howe Sound
Murrin
Porteau Cove
Tetrahedron
To Sechelt
Halkett Bay
99
Cypress
101
GIBSONS
Plumper Cove
Apodaca
Mount Seymour
Indian Arm
Pitt River
Pinecone-Burke
Golden Ears
Stave Lake
Harrison Lake
N
7
MAPLE RIDGE
Rolley Lake
Kilby
To Nanaimo
VANCOUVER
Strait of Georgia
MISSION
7
To Hope
CHILLIWACK
1
11
17
99
Peace Arch
CANADA
U.S.A.
ABBOTSFORD
B. C.
Cultus Lake
WASHINGTON
To Victoria
To Seattle
To Seattle
0 5 10 15 20 25
Scale in Kilometres